# ਸ਼੍ਰੇਣੀ - ਸੱਤਵੀਂ (ਸਾਇੰਸ) ਸੈਸ਼ਨ 2016-17

| ਮਹੀਨਾ | ਪਾਠ ਦਾ ਨਾਂ | ਉਦੇਸ਼ | ਕਿਰਿਆਵਾਂ |
|---|---|---|---|
| ਅਪ੍ਰੈਲ | ਪਾਠ-3<br>ਰੇਸ਼ਿਆਂ ਤੋਂ ਕੱਪੜਿਆਂ ਤੱਕ | • ਕੱਪੜੇ ਬਣਾਉਣ ਸਮੇਂ ਵਰਤੇ ਜਾਂਦੇ ਰੇਸ਼ਿਆਂ ਬਾਰੇ ਜਾਣਕਾਰੀ।<br>• ਪ੍ਰਯੋਗਾਤਮਕ ਤੌਰ ਤੇ ਬੱਚਿਆਂ ਦੀ ਜਗਿਆਸਾ ਨੂੰ ਵਧਾਉਣਾ।<br>• ਵੇਖਕੇ ਸਮਝ ਸ਼ਕਤੀ ਦਾ ਵਿਕਾਸ ਕਰਨਾ। | • ਬੱਚਿਆਂ ਤੋਂ ਸੂਤੀ, ਉੱਨੀ ਅਤੇ ਰੇਸ਼ਮੀ ਕੱਪੜਿਆਂ ਦੇ ਟੁੱਕੜੇ ਮੰਗਵਾਓ ਅਤੇਚਰਚਾ ਕਰੋ। ਸੂਤੀ ਉੱਨੀ ਅਤੇ ਰੇਸ਼ਮੀ ਧਾਗੇ ਕਾਪੀ ਵਿੱਚ ਚਿਪਕਾਉਣ ਲਈ ਕਹੋ।<br>• ਸੂਤੀ, ਉੱਨੀ ਅਤੇ ਰੇਸ਼ਮੀ ਧਾਗੇ ਬੱਚਿਆਂ ਤੋਂ ਮੰਗਵਾਓ। ਰੇਸ਼ੇ ਦੇ ਇੱਕ ਸਿਰੇ ਨੂੰ ਚਿਮਟੀ ਨਾਂਲ ਅਤੇ ਦੂਜੇ ਸਿਰੇ ਨੂੰ ਮੋਮਬੱਤੀ ਦੀ ਲਾਟ ਉੱਪਰ ਲਿਆਓ। ਬੱਚਿਆਂ ਨੂੰ ਨਿਰੀਖਣ ਕਰਨ ਲਈ ਕਹੋ।<br>• ਬੱਚਿਆਂ ਨੂੰ ਪਿੰਡ ਵਿੱਚ ਕਿਸੇ ਨੇੜਲੀ ਹੱਥ ਖੱਡੀ ਦਾ ਦੌਰਾ ਕਰਨ ਲਈ ਕਹੋ। |
| | ਪਾਠ-4<br>ਤਾਪ | • ਰੋਜ਼ਾਨਾ ਜ਼ਿੰਦਗੀ ਵਿੱਚ ਵਰਤੀਆਂ ਜਾਂਦੀਆਂ ਵਸਤੂਆਂ/ ਕਿਰਿਆਵਾਂ ਤਾਪ ਬਾਰੇ ਸਮਝਾਉਣਾ।<br>• ਮੌਸਮ ਵਿੱਚ ਆਉਂਦੇ ਪਰਿਵਰਤਨ ਅਨੁਸਾਰ ਤਾਪ ਦੇ ਸੰਵਿਹਣ ਬਾਰੇ ਜਾਣਕਾਰੀ ਦੇਣਾ। | • ਤਿੰਨ ਵੱਡੇ ਮੱਗ ਜਾਂ ਕੌਲ ਲਓ। ਇੱਕ ਵਿੱਚ ਗਰਮ ਪਾਣੀ, ਇੱਕ ਵਿੰਚ ਠੰਡਾ ਪਾਣੀ ਅਤੇ ਇੱਕ ਵਿੱਚ ਸਾਧਾਰਨ ਪਾਣੀ ਲਓ। ਵਿਦਿਆਰਥੀਆਂ ਦੇ ਹੱਥ ਮੱਗ ਵਿੱਚ ਪੁਆ ਕੇ ਉਨ੍ਹਾਂ ਨੂੰ ਮਹਿਸੂਸ ਕਰਵਾ ਕੇ ਤਾਪ ਬਾਰੇ ਸਮਝਾਓ।<br>• ਥਰਮਾਮੀਟਰ ਦਿਖਾ ਕੇ ਤਾਪ ਮਾਪਣਾ ਸਿਖਾਉਣਾ। |

| | | | |
|---|---|---|---|
| | | | • ਕਾਗਜ਼ ਦੀ ਇੱਕ ਸ਼ੀਟ ਲਓ ਅਤੇ ਇਸ ਵਿੱਚ ਇੱਕ ਸਪਾਇਰਿਲ ਬਣਾਓ। ਕਾਗਜ਼ ਨੂੰ ਰੇਖਾ ਦੇ ਨਾਲ ਕੱਟੋ। ਫਿਰ ਇੱਕ ਜਲਦੀ ਹੋਈ ਮੋਮਬੱਤੀ ਦੇ ਉੱਪਰ ਲਟਕਾਓ। ਧਿਆਨ ਰਹੇ ਕਿ ਸਪਾਇਰਿਲ ਦਾ ਹੇਠਲਾ ਭਾਗ ਲਾਟ ਦੇ ਠੀਕ ਉੱਤੇ ਇਸ ਤਰ੍ਹਾਂ ਹੋਵੇ ਕਿ ਇਸ ਨੂੰ ਅੱਗ ਨਹੀਂ ਲੱਗੇ। ਨਿਰੀਖਣ ਨੋਟ ਕਰੋ। |
| ਮਈ | ਪਾਠ-6<br>ਭੌਤਿਕ ਅਤੇ ਰਸਾਇਣਿਕ ਪਰਿਵਰਤਨ | • ਵਿਦਿਆਰਥੀਆਂ ਵਿੱਚ ਆਲੇ-ਦੁਆਲੇ ਦੇ ਪਦਾਰਥਾਂ ਵਿੱਚ ਹੁੰਦੇ ਬਦਲਾਅ ਬਾਰੇ ਜਾਨਣ ਦੀ ਰੁਚੀ ਪੈਦਾ ਕਰਨਾ।<br>• ਖੇਡ-ਖੇਡ ਵਿੱਚ ਵਿਗਿਆਨਕ ਸੋਚ ਪੈਦਾ ਕਰਨਾ। | • ਕਾਗਜ਼ ਦੇ ਟੁਕੜੇ ਨੂੰ ਚਾਰ ਵਰਗਾਕਾਰ ਟੁਕੜਿਆਂ ਵਿੱਚ ਕੱਟੋ। ਹੁਣ ਹਰ ਇੱਕ ਵਰਗ ਨੂੰ ਦੁਬਾਰਾ ਚਾਰ ਟੁਕੜਿਆਂ ਵਿੱਚ ਕੱਟੋ। ਇਨ੍ਹਾਂ ਟੁਕੜਿਆਂ ਨੂੰ ਮੇਜ਼ ਤੇ ਇਸ ਤਰ੍ਹਾਂ ਲਗਾਓ ਕਿ ਇਹ ਟੁਕੜੇ ਆਪਸ ਵਿੱਚ ਮਿਲ ਕੇ ਮੂਲ ਕਾਗਜ਼ ਦੇ ਟੁਕੜੇ ਦਾ ਆਕਾਰ ਲੈ ਲੈਣ। ਫਿਰ ਵਿਦਿਆਰਥੀਆਂ ਤੋਂ ਪੁੱਛੋ ਕੀ ਉਨ੍ਹਾਂ ਨੇ ਕੋਈ ਪਰਿਵਰਤਨ ਦੇਖਿਆ ਹੈ? ਇਸ ਤਰ੍ਹਾਂ ਹੀ ਉਨ੍ਹਾਂ ਤੋਂ ਕੁੱਝ ਹੋਰ ਪਰਿਵਰਤਨਾਂ ਬਾਰੇ ਪੁੱਛੋ।<br>• ਵਰਤੇ ਹੋਏ ਲੋਹੇ ਦੀ ਆਰੀ ਦੀ ਬਲੇਡ ਨੂੰ ਚਿਮਟੇ ਨਾਲ ਫੜੋ। ਉਸ ਦੇ ਦੂਜੇ ਸਿਰੇ ਦੇ ਅਗਲੇ ਭਾਗ ਨੂੰ ਗੈਸ ਸਟੋਵ ਦੀ ਲਾਟ ਉੱਤੇ ਰੱਖੋ। ਬਲੇਡ ਨੂੰ ਲਾਟ |

| | | | |
|---|---|---|---|
| | | | ਤੋਂ ਹਟਾਓ। ਬੱਚਿਆਂ ਨੂੰ ਨਿਰੀਖਣ ਕਰਨ ਨੂੰ ਕਹੋ ਅਤੇ ਦੇਖੇ ਗਏ ਪਰਿਵਰਤਨਾਂ ਦੀ ਸੂਚੀ ਬਣਾਉਣ ਲਈ ਕਹੋ। |
| | ਪਾਠ-9<br>ਮਿੱਟੀ | • ਮਿੱਟੀ ਦੀ ਰਚਨਾ, ਮਿੱਟੀ ਦੀਆਂ ਕਿਸਮਾਂ, ਮਿੱਟੀ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ। | • ਗਲਾਸ ਵਿੱਚ ਪਾਣੀ ਪਾ ਕੇ ਉਸ ਵਿੱਚ ਬਗੀਚੇ ਦੀ ਮਿੱਟੀ ਪਾ ਕੇ ਉਸ ਦੀਆਂ ਵੱਖ-ਵੱਖ ਤਹਿਆਂ ਬਾਰੇ ਜਾਣਕਾਰੀ ਇਕੱਠੀ ਕਰਵਾਈ ਜਾਵੇ। |
| ਜੂਨ | | ਛੁੱਟੀਆਂ ਦੇ ਕੰਮ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਮਾਡਲ ਅਤੇ ਪ੍ਰੋਜੈਕਟ ਤਿਆਰ ਕਰਨ ਲਈ ਕਹਿਣਾ। | |
| ਜੁਲਾਈ | ਪਾਠ-1<br>ਪੌਦਿਆਂ ਵਿੱਚ ਪੋਸ਼ਣ | • ਪੋਸ਼ਣ ਦੀ ਜਾਣਕਾਰੀ ਦਿੰਦੇ ਹੋਏ ਬੱਚਿਆਂ ਵਿੱਚ ਵਿਗਿਆਨਕ ਸੋਚ ਵਿਕਸਿਤ ਕਰਨਾ।<br>• ਪੋਸ਼ਣ ਦੀਆਂ ਵਿਧੀਆਂ ਦੀ ਜਾਣਕਾਰੀ ਦਿੰਦੇ ਹੋਏ ਬੱਚਿਆਂ ਵਿੱਚ ਜਗਿਆਸਾ ਪੈਦਾ ਕਰਨੀ।<br>• ਪ੍ਰਯੋਗਾਤਮਕ ਕਿਰਿਆਵਾਂ ਰਾਹੀਂ ਵਿਦਿਆਰਥੀਆਂ ਵਿੱਚ ਵਿਸ਼ਲੇਸ਼ਣ ਸਮਰੱਥਾ ਦਾ ਵਿਕਾਸ ਕਰਨਾ। | • ਇਸ ਉਦੇਸ਼ ਦੀ ਪੂਰਤੀ ਲਈ ਅਧਿਆਪਕ ਪ੍ਰਕਾਸ਼ ਸੰਸ਼ਲੇਸ਼ਨ ਕਿਰਿਆ ਦਰਸਾਉਂਦੀ ਹਈ ਕੋਈ ਕਿਰਿਆ ਜਮਾਤ ਵਿੱਚ ਕਰਕੇ ਦਿਖਾਏ।<br>• ਵੱਖ-ਵੱਖ ਗਰੁੱਪ ਬਣਾ ਕੇ ਇਹ ਜਾਣਨ ਦੀ ਕੋਸ਼ਿਸ਼ ਕਰਨਾ ਕਿ ਜੋ ਪੌਦੇ ਹਰੇ ਰੰਗ ਦੇ ਨਹੀਂ ਹੁੰਦੇ ਉਹ ਆਪਣਾ ਭੋਜਨ ਕਿੱਥੋਂ ਲੈਂਦੇ ਹਨ।<br>• ਬਰੈਡ ਦਾ ਟੁਕੜਾ ਲੈਕੇ ਇਸ ਨੂੰ ਪਾਣੀ ਵਿੱਚ ਭਿਓ ਲਓ। ਇਸ ਨੂੰ ਕਿਸੇ ਸਿਲ੍ਹੇ ਅਤੇ ਗਰਮ ਥਾਂ ਤੇ 2-3 ਦਿਨਾਂ ਲਈ ਰੱਖ ਦਿਓ। ਫਿਰ ਉਸ ਉੱਪਰ ਉੱਗੀ ਰੂੰ ਵਰਗੀ |

| | | | |
|---|---|---|---|
| | | | ਸਰੰਚਨਾ ਬੱਚਿਆਂ ਨੂੰ ਦਿਖਾਓ ਅਤੇ ਉਸ ਬਾਰੇ ਜਾਣਨ ਦੀ ਕੋਸ਼ਿਸ਼ ਕਰੋ। |
| | ਪਾਠ-2<br>ਜੰਤੂਆਂ ਵਿੱਚ ਪੋਸ਼ਣ | • ਮਨੁੱਖ ਵਿੱਚ ਪਾਚਨ ਦੀ ਵਿਧੀ ਨੂੰ ਸਮਝਾਉਣਾ।<br>• ਖੇਡ-ਖੇਡ ਵਿੱਚ ਭੋਜਨ ਦੇ ਵੱਖ-ਵੱਖ ਅੰਸ਼ਾਂ ਦੀ ਜਾਣਕਾਰੀ ਦੇਣਾ। | • ਚਿੱਤਰ ਜਾਂ ਮਾਡਲ ਰਾਹੀਂ ਮਨੁੱਖੀ ਪਾਚਨ ਪ੍ਰਣਾਲੀ ਦੇ ਵੱਖ-ਵੱਖ ਅੰਗਾਂ ਦੇ ਨਾਮ ਅਤੇ ਕਾਰਜਵਿਧੀ ਸਮਝਾਓ।<br>• ਇੱਕ ਚਾਰਟ ਰਾਹੀਂ ਭੋਜਨ ਦੇ ਵੱਖ-ਵੱਖ ਘਟਕ, ਉਹਨਾਂ ਦੇ ਮੁੱਖ ਸਰੋਤ ਅਤੇ ਉਹਨਾਂ ਦੇ ਜ਼ਰੂਰੀ ਕੰਮ ਬਾਰੇ ਸਮਝਾਇਆ ਜਾਵੇ। |
| ਅਗਸਤ | ਪਾਠ-5<br>ਤੇਜ਼ਾਬ, ਖਾਰ ਅਤੇ ਲੂਣ | • ਰੋਜ਼ਾਨਾ ਜ਼ਿੰਦਗੀ ਵਿੱਚ ਵਰਤੀਆਂ ਜਾਣ ਵਾਲੀਆਂ ਵਸਤੂਆਂ ਵਿੱਚੋਂ ਤੇਜ਼ਾਬੀ ਅਤੇ ਖਾਰੇ ਸੁਭਾਅ ਦੀ ਪਛਾਣ ਕਰਨੀ।<br>• ਖੇਡ-ਖੇਡ ਵਿੱਚ ਵਿਗਿਆਨਕ ਸੋਚ ਪੈਦਾ ਕਰਨਾ। | • ਆਮ ਵਰਤੀਆਂ ਜਾਣ ਵਾਲੀਆਂ ਵਸਤੂਆਂ ਜਿਵੇਂ ਕਿ ਦਹੀਂ, ਨਿੰਬੂ, ਸੰਗਤਰਾ, ਆਮਲਾ, ਲੇਸਦਾਰ ਸਬਜ਼ੀਆਂ, ਸਾਬਣ ਆਦਿ ਦੇ ਗੁਣਾਂ ਨੂੰ ਦੇਖਦੇ ਹਏ ਉਨ੍ਹਾਂ ਨੂੰ ਤੇਜ਼ਾਬ ਅਤੇ ਖਾਰ ਵਿੱਚ ਵੰਡਣਾ।<br>• ਇੱਕ ਚਮਚਾ ਹਲਦੀ ਪਾਊਡਰ ਲਓ। ਇਸ ਵਿੱਚ ਥੋੜ੍ਹਾ ਪਾਣੀ ਪਾ ਕੇ ਪੇਸਟ ਬਣਾਓ। ਫਿਲਟਰ ਪੇਪਰ ਉੱਤੇ ਹਲਦੀ ਦਾ ਪੇਸਟ ਲਾ ਕੇ ਹਲਦੀ ਪੇਪਰ ਬਣਾਓ ਅਤੇ ਉਸ ਨੂੰ ਸੁਕਾ ਲਓ। ਹਲਦੀ ਪੇਪਰ ਦੀਆਂ ਪਤਲੀਆਂ ਪੱਟੀਆਂ ਕੱਟ ਲਓ। ਇਨ੍ਹਾਂ ਪੱਟੀਆਂ ਨੂੰ ਸੂਚਕ ਦੇ ਤੌਰ ਤੇ ਵਰਤ ਕੇ ਤੇਜ਼ਾਬ ਅਤੇ ਖਾਰ ਵਿੱਚ |

| | | | |
|---|---|---|---|
| | | | ਪਛਾਣ ਕਰਨੀ ਸਮਝਾਓ। |
| | ਪਾਠ-13<br>ਗਤੀ ਅਤੇ ਸਮਾਂ | • ਖੇਡ-ਖੇਡ ਵਿੱਚ ਬੱਚਿਆਂ ਨੂੰ ਗਤੀ ਬਾਰੇ ਸਮਝਾਉਣਾ।<br>• ਸਾਧਾਰਨ ਕਿਰਿਆਵਾਂ ਰਾਹੀਂ ਸਮੇਂ ਦਾ ਮਾਪ ਸਿਖਾਉਣਾ। | • ਬੱਚਿਆਂ ਦੇ ਗਰੁੱਪ ਬਣਾ ਕੇ ਦੌੜਾਂ ਕਰਵਾਓ। ਫਿਰ ਨੋਟ ਕਰੋ ਕਿ ਕਿਹੜਾ ਵਿਦਿਆਰਥੀ ਸਭ ਤੋਂ ਪਹਿਲਾਂ ਆਪਣੇ ਆਖਿਰ ਬਿੰਦੂ ਤੇ ਪਹੁੰਚਿਆ ਅਤੇ ਕਿਹੜਾ ਸਭ ਤੋਂ ਪਿੱਛੇ। ਫਿਰ ਇਸ ਤਰ੍ਹਾਂ ਧੀਮੀ ਅਤੇ ਤੇਜ਼ ਗਤੀ ਬਾਰੇ ਸਮਝਾਓ।<br>• ਇੱਕ ਕੱਚ ਦੇ ਬੀਕਰ ਵਿੱਚ ਥੋੜੀ ਰੇਤ ਭਰੋ। ਦੋ ਰਬੜ ਦੇ ਕਾਰਕ ਲੈ ਕੇ ਉਹਨਾਂ ਦੇ ਵਿਚਕਾਰ ਛੇਕ ਕਰੋ। ਇੱਕ ਖਾਲੀ ਬੀਕਰ ਲੈ ਕੇ ਇਸ ਨੂੰ ਕਾਰਕ ਫਿਟ ਕਰਕੇ ਰੇਤ ਵਾਲੇ ਬੀਕਰ ਉੱਪਰ ਰੱਖੋ। ਫਿਰ ਪੂਰੇ ਸੈੱਟਅਪ ਨੂੰ ਉਲਟਾਅ ਕੇ ਰੱਖੋ। ਇਸ ਤਰ੍ਹਾਂ ਇੱਕ ਰੇਤਘੜੀ ਬਣਾਓ ਅਤੇ ਬੱਚਿਆਂ ਨੂੰ ਸਮੇਂ ਦਾ ਅੰਦਾਜ਼ਾ ਲਗਾਉਣਾ ਸਿਖਾਓ। |
| ਸਤੰਬਰ | | ਦੁਹਰਾਈ ਅਤੇ ਐਸ.ਏ.-1 | |
| ਅਕਤੂਬਰ | ਪਾਠ-8, ਪੌਣ, ਤੂਫਾਨ ਅਤੇ ਚੱਕਰਵਾਤ | ਚੱਕਰਵਾਤ (ਟਾਰਨੈਡੋ), ਵਾਵਰੋਲੇ ਦੇ ਆਉਣ ਦੇ ਕਾਰਨ ਅਤੇ ਬਚਾਉ ਦੇ ਉਪਾਅ | • ਤੂਫਾਨ ਦੇ ਪ੍ਰਭਾਵ ਅਤੇ ਸੁਰੱਖਿਆ ਸਾਧਨਾ ਦਾ ਅਧਿਐਨ ਕਰਨਾ।<br>• ਹਵਾ ਦਬਾਉ ਪਾਉਂਦੀ ਹੈ, ਕਿਰਿਆ ਰਾਹੀਂ ਦਰਸਾਉਣਾ।<br>• ਗਰਮ ਕਰਨ ਤੇ ਹਵਾ ਫੈਲਦੀ |

| | | | |
|---|---|---|---|
| | | | ਹੈ। |
| | ਪਾਠ-15<br><br>ਪ੍ਰਕਾਸ਼ | • ਸਮਤਲ ਦਰਪਣ ਦੁਆਰਾ ਬਣਾਏ ਗਏ ਪ੍ਰਤੀਬਿੰਬ ਦੇ ਲੱਛਣ<br>• ਗੋਲਾਕਾਰ ਦਰਪਣ ਪ੍ਰਿਜਮ ਬਾਰੇ<br>• ਖੇਡ-ਖੇਡ ਵਿੱਚ ਜਾਣਕਾਰੀ ਹਾਸਿਲ ਕਰਨਾ ਕਿ ਸਫੈਦ ਪ੍ਰਕਾਸ਼ ਸੱਤ ਰੰਗਾਂ ਤੋਂ ਮਿਲ ਕੇ ਬਣਦਾ ਹੈ। | • ਕੰਧ ਜਾਂ ਸਫੈਦ ਕਾਗਜ ਦੇ ਪਰਦੇ ਤੇ ਪ੍ਰਕਾਸ਼ ਦੇ ਪਰਾਵਰਤਣਾਂ ਨੂ ਦੇਖਣਾ।<br>• ਵਾਸਤਵਿਕ ਅਤੇ ਆਭਾਸੀ ਪ੍ਰਤੀਬਿੰਬਾਂ ਦਾ ਅਧਿਐਨ ਕਰਨਾ।<br>• ਵਿਦਿਆਰਥੀਆਂ ਰਾਹੀਂ ਵੱਖ-ਵੱਖ ਤਰ੍ਹਾਂ ਦੇ ਪ੍ਰਤੀਬਿੰਬ ਜਾਣਨ ਲਈ ਕ੍ਰਿਆਿਆ ਕਰਨਾ। |
| ਨਵੰਬਰ | ਪਾਠ-10<br><br>ਜੀਵਾਂ ਵਿੱਚ ਸਾਹ ਕਿਰਿਆ | ਮਨੁੱਖੀ ਸਾਹ ਕਿਰਿਆ ਦੀ ਵਿਧੀ ਅਤੇ ਪੌਦਿਆ ਅਤੇ ਜੰਤੂਆ ਵਿੱਚ ਸਾਹ ਪ੍ਰਣਾਲੀ ਬਾਰੇ ਜਾਣਕਾਰੀ ਦੇਣਾ। | • ਪੌਦਿਆਂ ਅਤੇ ਜੰਤੂਆਂ ਦੀ ਸਾਹ ਕਿਰਿਆ ਦਾ ਅਧਿਐਨ ਕਰਨਾ।<br>• ਜੜ੍ਹਾਂ ਰਾਹੀਂ ਅਣਆਕਸੀ ਸਾਹ ਕਿਰਿਆ ਦਾ ਅਧਿਐਨ ਕਰਨਾ। ਬੀਜਾਂ ਵਿੱਚ ਸਾਹ ਕਿਰਿਆ ਦੌਰਾਨ ਤਾਪ ਨਿਕਾਸ ਦਾ ਅਧਿਐਨ ਕਰਨਾ। |
| | ਪਾਠ-14<br><br>ਬਿਜਲੀ ਧਾਰਾ ਅਤੇ ਇਸ ਦੇ ਪ੍ਰਭਾਵ | ਘਰਾਂ ਵਿੱਚ ਵਰਤੇ ਜਾਂਦੇ ਉਪਕਰਣਾਂ ਨੂੰ ਜਾਨਣ ਦੀ ਉਤਸੁਕਤਾ ਪੈਦਾ ਕਰਨਾ। | • ਬਿਜਲੀ ਧਾਰਾ ਦੇ ਤਾਪਨ ਪ੍ਰਭਾਵ ਨੂੰ ਪ੍ਰਯੋਗ ਰਾਹੀਂ ਦਰਸਾਉਣਾ।<br>• ਸਾਧਾਰਣ ਬਿਜਲੀ ਚੁੰਬਕ ਤਿਆਰ ਕਰਨਾ।<br>• ਬਿਜਲੀ ਧਾਰਾ ਦੇ ਚੁੰਬਕੀ ਪ੍ਰਭਾਵ ਦਰਸਾਉਣ ਲਈ |

| | | | |
|---|---|---|---|
| | | | ਕਿਰਿਆ ਕਰਨਾ।<br>• ਬਿਜਲੀ ਫਿਊਜ਼ ਤਿਆਰ ਕਰਨਾ। |
| ਦਸੰਬਰ | ਪਾਠ-17<br>ਜੰਗਲ-ਸਾਡੀ ਜੀਵਨ ਰੇਖਾ | ਪੌਦਿਆਂ ਅਤੇ ਜਾਨਵਰਾਂ ਦੀ ਪ੍ਰਸਥਿਤਿਕ ਪ੍ਰਬੰਧ ਨੂੰ ਬਣਾਏ ਰੱਖਣ ਵਿੱਚ ਭੂਮਿਕਾ ਪ੍ਰਤੀ ਰੁਚੀ ਪੈਦਾ ਕਰਨ। | • ਪੌਦਿਆਂ ਦੇ ਵੱਖ-ਵੱਖ ਕਿਸਮ ਦੇ ਪੱਤੇ ਅਤੇ ਬੀਜ਼ ਇੱਕਠਾ ਕਰਨਾ। |
| | ਪਾਠ-12<br>ਪੌਦਿਆਂ ਵਿੱਚ ਪ੍ਰਜਣਨ | ਵਿਦਿਆਰਥੀਆਂ ਵਿੱਚ ਪ੍ਰੇਖਣ ਦੀ ਕੌਸ਼ਿਲਤਾ ਦਾ ਵਿਕਾਸ ਕਰਨਾ, ਪ੍ਰਜਣਨ ਦੀਆਂ ਵਿਧੀਆਂ ਬਾਰੇ ਜਾਣਕਾਰੀ ਦੇਣਾ। | • ਪੌਦਿਆਂ ਵਿੱਚ ਫੁੱਲਾਂ ਤੋਂ ਫਲਾ ਅਤੇ ਬੀਜਾਂ ਦੇ ਬਣਨ ਦਾ ਅਧਿਐਨ ਕਰਨਾ।<br>• ਕੀਟਾਂ ਰਾਹੀਂ ਅਤੇ ਹਵਾ ਰਾਹੀਂ ਪਰਾਗਣ ਕਿਰਿਆ ਦਾ ਅਧਿਐਨ ਕਰਨਾ।<br>• ਵੱਖ-ਵੱਖ ਕਾਰਕਾਂ ਰਾਹੀਂ ਫਲਾਂ, ਬੀਜਾਂ ਦੇ ਬਿਖਰਨ ਦਾ ਅਧਿਐਨ ਕਰਨਾ। |
| ਜਨਵਰੀ | ਪਾਠ-11<br>ਜੰਤੂਆਂ ਅਤੇ ਪੌਦਿਆਂ ਵਿੱਚ ਪਰਿਵਹਨ | ਪੌਦਿਆਂ ਅਤੇ ਜੀਵਾਂ ਵਿੱਚ ਹੋਣ ਵਾਲੀਆਂ ਕਿਰਿਆਵਾਂ ਬਾਰੇ ਜਾਣਕਾਰੀ ਦੇਣਾ। | • ਤਣੇ ਰਾਹੀਂ ਪਾਣੀ ਦਾ ਸਥਾਨਾਂਤਰਣ ਅਤੇ ਵਾਸ਼ਪ-ਉਤਸਰਜਣ ਕਿਰਿਆ ਦਾ ਅਧਿਐਨ ਕਰਨਾ।<br>• ਕਸਰਤ ਤੋਂ ਬਾਅਦ ਨਬਜ ਅਤੇ ਦਿਲ ਦੀ ਧੜਕਣ ਦਾ ਅਧਿਐਨ ਕਰਨਾ। |
| | ਪਾਠ-18 | ਪਾਣੀ ਦੀ ਮਹੱਤਤਾ, ਪ੍ਰਦੂਸ਼ਣ, ਪ੍ਰਦੂਸ਼ਣ ਕਾਰਨ | • ਆਲੇ-ਦੁਆਲੇ ਦੇ ਖੜ੍ਹੇ ਪਾਣੀ ਅਤੇ ਜਲ ਪ੍ਰਵਾਹ ਦਾ |

| | | | |
|---|---|---|---|
| | ਵਿਅਰਥ ਪਾਣੀ ਦੀ ਕਹਾਣੀ | ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦੇਣਾ। | ਅਧਿਐਨ ਕਰਕੇ ਧਰਤੀ ਹੇਠਲੇ ਪਾਣੀ ਦੂਸ਼ਿਤ ਹੋਣ ਦਾ ਅਧਿਐਨ ਕਰਨਾ।<br>• ਆਪਣੇ ਘਰ ਦੀ ਸੀਵਰੇਜ਼ ਪ੍ਰਣਾਲੀ ਦਾ ਅਧਿਐਨ ਕਰਨਾ। |
| | ਪਾਠ-16<br>ਪਾਣੀ ਇੱਕ ਅਨਮੋਲ ਸਾਧਨ | ਵਿਦਿਆਰਥੀਆਂ ਵਿੱਚ ਪਾਣੀ ਦੀ ਪ੍ਰਦੂਸ਼ਤਾ ਕਾਰਨ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਸਬੰਧੀ Data ਇੱਕਠਾ ਕਰਨ, ਵਿਸ਼ਲੇਸ਼ਣ ਕਰਨ ਦੀ ਰੁਚੀ ਪੈਦਾ ਕਰਨਾ। | • ਅਖਬਾਰਾਂ ਅਤੇ ਮੈਗਜੀਨ ਵਿੱਚੋਂ ਪਾਣੀ ਦੀ ਕਮੀ ਨਾਲ ਸਬੰਧਤ ਖਬਰਾਂ ਅਤੇ ਚਿੱਤਰ ਦੀਆਂ ਕਾਤਰਾਂ ਇੱਕਠੀਆਂ ਕਰਨਾ।<br>• ਭਾਰਤ ਦੇ ਨਕਸ਼ੇ ਵਿੱਚ ਉਹ ਸਥਾਨ ਲੱਭਣਾ ਜਿੱਥੇ ਤੁਸੀਂ ਰਹਿੰਦੇ ਹੋ। |
| ਫਰਵਰੀ | ਪਾਠ-7<br>ਮੌਸਮ, ਜਲਵਾਯੂ ਅਨੁਸਾਰ ਜੰਤੂਆਂ ਵਿੱਚ ਅਨੁਕੂਲਨ | ਵਿਦਿਆਰਥੀਆਂ ਵਿੱਚ- ਆਲੇ ਦੁਆਲੇ ਦੇ ਹਲਾਤਾਂ ਬਾਰੇ ਜਾਨਣ ਦੀ ਰੁਚੀ ਪੈਦਾ ਕਰਨਾ। | • ਦਿਨ ਦੀ ਲੰਬਾਈ, ਹਵਾ ਵਿੱਚ ਨਮੀ, ਤਾਪਮਾਨ ਆਦਿ ਵਰਗੇ ਦੈਨਿਕ ਪਰਿਵਰਤਨਾਂ ਲਈ ਗ੍ਰਾਫ ਤਿਆਰ ਕਰਨਾ। |